# ਸਿੱਖ ਸੰਗਤ ਨੇ ਪਹਿਲਾ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ

ਵੈਸਟ ਸਪਰਿੰਗ ਫੀਲਡ-ਇਥੇ 5 ਦਸੰਬਰ ਵਾਲੇ ਦਿਨ ਵੈਸਟ ਸਪਿੰਰਗਫੀਲਡ ਦੇ ਹਾਈ ਸਕੂਲ ਵਿਚ ਵਰਜੀਨੀਆ ਦੀ ਸਿੱਖ ਸੰਗਤ ਵੱਲੋਂ ਰੰਗਲਾ ਪੰਜਾਬ ਨਾਂਅ ਦਾ ਪਹਿਲਾ ਸਾਲਾਨਾ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਬਰਫੀਲੇ ਅਤੇ ਠੰਡੇ ਮੌਸਮ ਵਿਚ ਵੀ ਲੋਕਾਂ ਨੇ ਇਸ ਪ੍ਰੋਗਰਾਮ ਵਿਚ ਹੁੰਮ-ਹੁਮਾ ਕੇ ਸ਼ਿਰਕਤ ਕੀਤੀ। ਸਕੂਲ ਦਾ ਹਾਲ ਲੋਕਾਂ ਨਾਲ ਭਰਿਆ ਹੋਇਆ ਸੀ ਅਤੇ ਬਾਹਰ ਪੰਜਾਬੀ ਖਾਣਿਆਂ ਦੀਆਂ ਦੁਕਾਨਾਂ ਲੱਗੀਆਂ ਹੋਈਆਂ ਸਨ। ਆਏ ਹੋਏ ਲੋਕਾਂ ਨੇ ਖਾਣਿਆਂ ਦਾ ਖੂਬ ਆਨੰਦ ਮਾਣਿਆ। ਪ੍ਰੋਗਰਾਮ ਪੂਰੀ ਤਰ੍ਹਾਂ ਊਰਜਾ ਨਾਲ ਭਰਿਆ ਹੋਇਆ ਸੀ। ਛੋਟੇ-ਛੋਟੇ ਬੱਚਿਆਂ ਵੱਲੋਂ ਸ਼ਬਦ ਵੀ ਪੜ੍ਹ ਕੇ ਸੁਣਾਏ ਗਏ। ਐੱਸ. ਸੀ. ਕੁਲਵਿੰਦਰ ਸਿੰਘ ਅਤੇ ਹਰਜੀਤ ਮਾਹਲ ਨੇ ਪੰਜਾਬੀ ਚੁਟਕਲੇ ਸੁਣਾ ਕੇ ਲੋਕਾਂ ਦਾ ਮਨੋਰੰਜਨ ਕੀਤਾ। ਜਿਉਂ ਜਿਉਂ ਕੋਈ ਹਾਸੇ ਵਾਲੀ ਗੱਲ ਹੁੰਦੀ ਸਾਰਾ ਹਾਲ ਹੀ ਤਾੜੀਆਂ ਅਤੇ ਹਾਸਿਆਂ ਨਾਲ ਗੂੰਜ ਉੱਠਦਾ। ਇਸ ਮੌਕੇ 'ਤੇ ਨਾਮਵਰ ਸ਼ਖ਼ਸੀਅਤ ਸਤਨਾਮ ਸਿੰਘ ਓਠੀ ਨੂੰ ਵੀ ਯਾਦ ਕੀਤਾ ਗਿਆ। ਜਿਨ੍ਹਾਂ ਦਾ ਭਾਈਚਾਰੇ ਨੂੰ ਅਹਿਮ ਯੋਗਦਾਨ ਰਿਹਾ ਹੈ।

ਇਸ ਮੌਕੇ ਜਾਰਜ਼ ਮੈਸਨ ਯੂਨੀਵਰਸਿਟੀ ਦੀ ਟੀਮ ਵੱਲੋਂ ਭੰਗੜਾ ਵੀ ਕਰਵਾਇਆ ਗਿਆ। ਜਾਗੋ, ਗਿੱਧਾ, ਭੰਗੜਾ ਅਤੇ ਹੋਰ ਰੰਗਾ-ਰੰਗ ਪ੍ਰੋਗਰਾਮਾਂ ਨੇ ਪ੍ਰੋਗਰਾਮ ਦਾ ਮਾਹੌਲ ਰੰਗੀਨੀਆਂ ਅਤੇ ਖੁਸ਼ੀਆਂ ਨਾਲ ਭਰ ਦਿੱਤਾ। ਇਸ ਪ੍ਰੋਗਰਾਮ ਦੇ ਪ੍ਰਬੰਧਕਾਂ ਦਾ ਕਹਿਣਾ ਸੀ ਕਿ ਇਸ ਪ੍ਰੋਗਰਾਮ ਦਾ ਉਦੇਸ਼ ਮਹਿਮਾਨਾਂ ਦੇ ਚਿਹਰੇ 'ਤੇ ਖੁਸ਼ੀ ਵੇਖਣਾ ਸੀ ਅਤੇ ਇਸ ਪ੍ਰੋਗਰਾਮ ਕਰਵਾਉਣ ਦਾ ਉਦੇਸ਼ ਇਹ ਵੀ ਹੈ ਕਿ ਆਉਂਦੇ ਨਵੇਂ ਸਾਲ ਵਿਚ ਅਸੀਂ ਹੱਸਦੇ ਖੇਡਦੇ ਹੋਏ ਸ਼ਾਮਲ ਹੋਈਏ ਅਤੇ 2009 ਦੀਆਂ ਸਾਰੀਆਂ ਦੁੱਖ ਤਕਲੀਫਾਂ ਪਿੱਛੇ ਹੀ ਛੱਡ ਦੇਈਏ।




ਸਭਿਆਚਾਰਕ ਪ੍ਰੋਗਰਾਮ ਦੌਰਾਨ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਬੱਚੇ।